# Official Spokesperson’s response to media queries regarding OIC General Secretariat’s Press Release on Jammu & Kashmir

August 05, 2022

## ਜੰਮੂ ਅਤੇ ਕਸ਼ਮੀਰ ਬਾਰੇ OIC ਜਨਰਲ ਸਕੱਤਰੇਤ ਦੇ ਪ੍ਰੈਸ ਬਿਆਨ ਨਾਲ ਸਬੰਧਤ ਮੀਡੀਆ ਦੇ ਸਵਾਲਾਂ ਦਾ ਸਰਕਾਰੀ ਬੁਲਾਰੇ ਵੱਲੋਂ ਜਵਾਬ

**5 ਅਗਸਤ, 2022**

ਜੰਮੂ ਅਤੇ ਕਸ਼ਮੀਰ ਬਾਰੇ OIC ਜਨਰਲ ਸਕੱਤਰੇਤ ਦੇ ਪ੍ਰੈਸ ਬਿਆਨ ਦੇ ਸਬੰਧ ਵਿੱਚ ਮੀਡੀਆ ਦੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਸਰਕਾਰੀ ਬੁਲਾਰੇ ਸ਼੍ਰੀ ਅਰਿੰਦਮ ਬਾਗਚੀ ਨੇ ਕਿਹਾ:

"ਜੰਮੂ ਅਤੇ ਕਸ਼ਮੀਰ ਬਾਰੇ ਇਸਲਾਮਿਕ ਸਹਿਯੋਗ ਸੰਗਠਨ (OIC ) ਦੇ ਜਨਰਲ ਸਕੱਤਰੇਤ ਦੁਆਰਾ ਅੱਜ ਜਾਰੀ ਕੀਤਾ ਗਿਆ ਬਿਆਨ ਕੱਟੜਤਾ ਦਾ ਸੂਚਕ ਹੈ| ਜੰਮੂ ਅਤੇ ਕਸ਼ਮੀਰ ਕੇਂਦਰ ਸ਼ਾਸਤ ਪ੍ਰਦੇਸ਼ ਭਾਰਤ ਦਾ ਅਨਿੱਖੜਵਾਂ ਅਤੇ ਅਟੁੱਟ ਹਿੱਸਾ ਹੈ ਅਤੇ ਰਹੇਗਾ| ਤਿੰਨ ਸਾਲ ਪਹਿਲਾਂ ਲੰਮੇ ਸਮੇਂ ਤੋਂ ਉਡੀਕੀ ਜਾ ਰਹੀਆਂ ਤਬਦੀਲੀਆਂ ਦੇ ਨਤੀਜੇ ਵਜੋਂ ਇਸ ਨੂੰ ਅੱਜ ਸਮਾਜਿਕ-ਆਰਥਿਕ ਵਿਕਾਸ ਅਤੇ ਵਿਕਾਸ ਦੇ ਲਾਭ ਮਿਲ ਰਹੇ ਹਨ| ਪਰ OIC ਜਨਰਲ ਸਕੱਤਰੇਤ ਲਗਾਤਾਰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੇ ਅਤੇ ਸਰਹੱਦ ਪਾਰ, ਖੇਤਰੀ ਅਤੇ ਅੰਤਰਰਾਸ਼ਟਰੀ ਅੱਤਵਾਦ ਨੂੰ ਹੱਲਾ ਸ਼ੇਰੀ ਦੇਣ ਵਾਲੇ ਦੇ ਇਸ਼ਾਰੇ 'ਤੇ ਜੰਮੂ ਅਤੇ ਕਸ਼ਮੀਰ ਬਾਰੇ ਬਿਆਨ ਜਾਰੀ ਕਰ ਰਿਹਾ ਹੈ| ਅਜਿਹੇ ਬਿਆਨ OIC ਨੂੰ ਅਜਿਹੀ ਸੰਸਥਾ ਦੇ ਤੌਰ 'ਤੇ ਬੇਨਕਾਬ ਕਰਦੇ ਹਨ ਜੋ ਅੱਤਵਾਦ ਇਆਹੀਂ ਪੂਰੇ ਕੀਤੇ ਜਾ ਰਹੇ ਫਿਰਕੂ ਏਜੰਡੇ ਨੂੰ ਸਮਰਪਿਤ ਹੈ|

ਨਵੀਂ ਦਿੱਲੀ

5 ਅਗਸਤ, 2022

DISCLAIMER: This is an approximate translation. The original is available in English on MEA’s website and may be referred to as the official press release.